TORONTO Public Health

COVID-19 FACT SHEET

ਨਵਿਆਉਣ ਦੀ ਮਿਤੀ 30 ਸਤੰਬਰ, 2021

# ਕੋਵਿਡ-19 ਸਵੈ-ਇਕਾਂਤਵਾਸ ਸਬੰਧੀ ਕਲਾਸ ਆਰਡਰ

### ਕੋਵਿਡ-19 ਸਵੈ-ਇਕਾਂਤਵਾਸ ਸਬੰਧੀ ਕਲਾਸ ਆਰਡਰ ਕੀ ਹੈ?

"ਕਲਾਸ ਆਰਡਰ" ਉਨ੍ਹਾਂ ਲੋਕਾਂ ਨੂੰ ਨਿਰਦੇਸ਼ ਦਿੰਦਾ ਹੈ ਜਿਨ੍ਹਾਂ ਨੂੰ ਉਦੋਂ ਤੱਕ ਘਰ ਰਹਿਣ ਅਤੇ ਸਵੈ-ਇਕਾਂਤਵਾਸ ਹੋਣ ਦੇ ਨਿਰਦੇਸ਼ ਹਨ ਜਦੋਂ ਤੱਕ ਉਨ੍ਹਾਂ ਤੋਂ ਲਾਗ ਕਿਸੇ ਹੋਰ ਨੂੰ ਲੱਗ ਸਕਦੀ ਹੈ। ਮਕਸਦ ਕੋਵਿਡ-19 ਦੇ ਫੈਲਾਅ ਨੂੰ ਘੱਟ ਕਰਨਾ ਹੈ, ਅਤੇ ਟੋਰਾਂਟੋ ਵਿੱਚ ਹਰ ਵਿਅਕਤੀ ਦੀ ਸਿਹਤ ਨੂੰ ਸੁਰੱਖਿਅਤ ਕਰਨਾ ਹੈ।

### ਕੀ ਟੋਰਾਂਟੋ ਜਨਤਕ ਸਿਹਤ ਵੱਲੋਂ ਕਲਾਸ ਆਰਡਰ ਜਾਰੀ ਕੀਤਾ ਜਾ ਸਕਦਾ ਹੈ, ਅਤੇ ਇਹ ਕਦੋਂ ਤੱਕ ਲਾਗੂ ਹੈ?

ਸੂਬਾਈ *ਸਿਹਤ ਸੁਰੱਖਿਆ ਅਤੇ ਪ੍ਰਚਾਰ ਐਕਟ* ਸਿਹਤ ਦੇ ਮੈਡੀਕਲ ਅਫ਼ਸਰ ਨੂੰ "ਕਲਾਸ ਆਰਡਰ" ਜਾਰੀ ਕਰਨ ਦੀ ਆਗਿਆ ਦਿੰਦਾ ਹੈ। ਆਰਡਰ ਪਹਿਲਾਂ ਅਪ੍ਰੈਲ 1, 2020 ਨੂੰ ਜਾਰੀ ਕੀਤਾ ਗਿਆ ਸੀ, ਅਤੇ ਸਭ ਤੋਂ ਹਾਲੀਆ 30 ਸਤੰਬਰ, 2020 ਨੂੰ ਸੋਧਿਆ ਗਿਆ। ਆਰਡਰ ਉਦੋਂ ਤੱਕ ਲਾਗੂ ਰਹਿੰਦਾ ਹੈ ਜਦੋਂ ਤੱਕ ਮੈਡੀਕਲ ਅਫ਼ਸਰ ਇਹ ਐਲਾਨ ਨਹੀਂ ਕਰਦਾ ਕਿ ਇਸ ਦੀ ਕੋਈ ਲੋੜ ਨਹੀਂ।

### ਕਲਾਸ ਆਰਡਰ ਕਿਸ 'ਤੇ ਲਾਗੂ ਹੁੰਦਾ ਹੈ?

ਕਲਾਸ ਆਰਡਰ ਉਨ੍ਹਾਂ ਨੂੰ ਨਿਰਦੇਸ਼ ਦਿੰਦਾ ਹੈ:

- ਜਿਨ੍ਹਾਂ 'ਚ ਕੋਵਿਡ-19 ਦੇ ਲੱਛਣ. ਹੋਣ
- ਜੋ ਕੋਵਿਡ-19 ਤੋਂ ਪੀੜਿਤ ਹੋਏ ਹੋਣ।
- ਜੋ ਕਿਸੇ ਕੋਵਿਡ-19 ਤੋਂ ਪੀੜਿਤ ਵਿਅਕਤੀ ਦੇ ਸੰਪਰਕ ਵਿੱਚ ਆਏ ਹੋਣ। ਇਨ੍ਹਾਂ ਵਿੱਚ ਸ਼ਾਮਲ ਹਨ, ਦੇਖਭਾਲਕਰਤਾ ਅਤੇ ਘਰੇਲੂ ਮੈਂਬਰ, ਅਤੇ ਹੋਰ ਲੋਕ ਜਿਨ੍ਹਾਂ ਦੀ ਟੋਰਾਂਟੋ ਜਨਤਕ ਸਿਹਤ ਵੱਲੋਂ ਪਛਾਣ ਕੀਤੀ ਗਈ ਹੋਵੇ।
  - ਉਹ ਲੋਕ, ਜਿਨ੍ਹਾਂ ਨੂੰ ਟੋਰਾਂਟੋ ਪਬਲਿਕ ਹੈਲਥ ਦੁਆਰਾ ਸਵੈ-ਇਕਾਂਤਵਾਸ ਕਰਨ ਦੇ ਦਿਸ਼ਾ-ਨਿਰਦੇਸ਼ ਦਿੱਤੇ ਗਏ ਹਨ।

16 ਸਾਲ ਤੋਂ ਘੱਟ ਉਮਰ ਦੇ ਉਨ੍ਹਾਂ ਵਿਅਕਤੀਆਂ ਦੇ ਮਾਪੇ/ਸਰਪ੍ਰਸਤ ਜੋ ਇਨ੍ਹਾਂ ਵਿੱਚੋਂ ਕਿਸੇ ਵੀ ਸ਼੍ਰੇਣੀ ਵਿੱਚ ਆਉਂਦੇ ਹਨ, ਇਹ ਸੁਨਿਸ਼ਚਿਤ ਕਰਨ ਲਈ ਜ਼ਿੰਮੇਵਾਰ ਹਨ ਕਿ 16 ਸਾਲ ਤੋਂ ਘੱਟ ਉਮਰ ਦਾ ਵਿਅਕਤੀ ਕਲਾਸ ਆਰਡਰ ਦੀਆਂ ਲੋੜਾਂ ਦੀ ਪਾਲਣਾ ਕਰੇ।

### ਲੋਕਾਂ ਨੂੰ ਕਿੰਨਾ ਸਮਾਂ ਸਵੈ-ਇਕਾਂਤਵਾਸ ਵਿੱਚ ਰਹਿਣਾ ਚਾਹੀਦਾ ਹੈ?

ਸਵੈ-ਇਕਾਂਤਵਾਸ ਦੀਆਂ ਲੋੜਾਂ ਵਿੱਚ ਟੋਰਾਂਟੋ ਜਨਤਕ ਸਿਹਤ ਦੇ ਨਿਰਦੇਸ਼ਾਂ ਨੂੰ ਸ਼ਾਮਲ ਕਰਨ ਲਈ ਇਸ ਨੂੰ 30 ਸਤੰਬਰ, 2020 ਨੂੰ ਨਵਿਆਇਆ ਗਿਆ ਸੀ।

- ਉਹ ਲੋਕ ਜਿਨ੍ਹਾਂ ਵਿੱਚ ਹਲਕੇ ਜਾਂ ਦਰਮਿਆਨੇ ਪੱਧਰ ਦੇ ਲੱਛਣ ਹਨ, ਉਨ੍ਹਾਂ ਲਈ ਲੱਛਣਾਂ ਦੀ ਸ਼ੁਰੂਆਤ ਤੋਂ ਸ਼ੁਰੂ ਹੋ ਕੇ 10 ਦਿਨ ਤੱਕ ਜਾਂ ਜੇਕਰ ਉਨ੍ਹਾਂ ਵਿੱਚ ਕੋਈ ਲੱਛਣ ਨਹੀਂ ਹਨ ਤਾਂ ਉਨ੍ਹਾਂ ਦੁਆਰਾ ਕੋਵਿਡ-19 ਤੋਂ ਪੀੜਿਤ ਹੋਣ ਤੋਂ ਸ਼ੁਰੂ ਹੋ ਕੇ 10 ਦਿਨ ਤੱਕ ਇਕਾਂਤਵਾਸ ਵਿੱਚ ਰਹਿਣਾ ਲਾਜ਼ਮੀ ਹੈ।
- ਉਹ ਲੋਕ ਜਿਨ੍ਹਾਂ ਵਿੱਚ ਗੰਭੀਰ ਲੱਛਣ ਹਨ (ਜਿਨ੍ਹਾਂ ਨੂੰ ਆਈਸੀਯੂ 'ਚ ਦਾਖ਼ਲ ਹੋਣ ਦੀ ਲੋੜ ਹੈ) ਜਾਂ ਜਿਨ੍ਹਾਂ ਦੀ ਇਮਿਊਨਿਟੀ ਬਹੁਤ ਘੱਟ ਹੈ ਉਨ੍ਹਾਂ ਦੇ ਲੱਛਣ ਸ਼ੁਰੂ ਹੋਣ ਦੇ ਅਗਲੇ ਦਿਨ ਤੋਂ 20 ਦਿਨ ਲਈ ਇਕਾਂਤਵਾਸ ਹੋਣਾ ਲਾਜ਼ਮੀ ਹੈ।
- ਉਹ ਲੋਕ ਜੋ ਕੋਵਿਡ-19 ਤੋਂ ਪੀੜਿਤ ਕਿਸੇ ਵਿਅਕਤੀ ਦੇ ਸੰਪਰਕ 'ਚ ਆਏ ਹੋਣ, ਉਨ੍ਹਾਂ ਨੂੰ ਆਪਣੇ ਸੰਪਰਕ ਦੇ ਅਗਲੇ ਦਿਨ ਤੋਂ ਉਸ ਵਿਅਕਤੀ ਦੇ ਨਾਲ ਅੰਤਿਮ ਸੰਪਰਕ ਵਿੱਚ ਆਉਣ ਤੋਂ ਬਾਅਦ ਘੱਟੋ-ਘੱਟ 14 ਦਿਨ ਲਈ ਇਕਾਂਤਵਾਸ ਹੋਣਾ ਲਾਜ਼ਮੀ ਹੈ।

ਨਵਿਆਉਣ ਦੀ ਮਿਤੀ 30 ਸਤੰਬਰ, 2021

**ਕੀ ਕਿਸੇ ਨੂੰ ਕਲਾਸ ਆਰਡਰ ਤੋਂ ਛੋਟ ਹੈ?**

ਕੁਝ ਜ਼ਰੂਰੀ ਸੇਵਾਵਾਂ ਵਾਲੇ ਕਰਮਚਾਰੀ, ਜੋ ਲੱਛਣਾਂ ਰਹਿਤ ਕਿਸੇ ਵਿਅਕਤੀ ਦੇ ਸੰਪਰਕ ਵਿੱਚ ਆਏ ਹੋਣ, ਉਨ੍ਹਾਂ ਨੂੰ ਕੰਮ ਕਰਨ ਦੀ ਆਗਿਆ ਦਿੱਤੀ ਜਾ ਸਕਦੀ ਹੈ। ਹਾਲਾਂਕਿ, ਜਦੋਂ ਉਹ ਕੰਮ ਨਹੀਂ ਕਰ ਰਹੇ ਜਾਂ ਕੰਮ 'ਤੇ/ਤੋਂ ਆ-ਜਾ ਨਹੀਂ ਰਹੇ ਤਾਂ ਉਨ੍ਹਾਂ ਦਾ ਸਵੈ-ਇਕਾਂਤਵਾਸ ਹੋਣਾ ਲਾਜ਼ਮੀ ਹੈ। ਹੋਰ ਮਾਮਲਿਆਂ ਵਿੱਚ ਛੋਟਾਂ ਦਿੱਤੀਆਂ ਜਾ ਸਕਦੀਆਂ ਹਨ, ਜਿਵੇਂ ਕਿ ਘਰੇਲੂ ਹਿੰਸਾ ਕਾਰਨ ਘਰ ਛੱਡਣ ਵਾਲੇ ਲੋਕ। ਟੋਰਾਂਟੋ ਜਨਤਕ ਸਿਹਤ ਹਰੇਕ ਮਾਮਲੇ ਵਿੱਚ ਛੋਟਾਂ ਦੀ ਸਮੀਖਿਆ ਕਰੇਗੀ ਅਤੇ ਇਹ ਨਿਰਧਾਰਿਤ ਕਰੇਗੀ ਕਿ ਕੀ ਛੋਟ ਦੇਣੀ ਚਾਹੀਦੀ ਹੈ ਜਾਂ ਨਹੀਂ।

**ਜੇਕਰ ਕਿਸੇ ਵਿਅਕਤੀ ਦਾ ਸੰਪੂਰਨ ਟੀਕਾਕਰਨ ਹੋ ਚੁੱਕਿਆ ਹੈ, ਉਸ ਨੂੰ ਸਵੈ-ਇਕਾਂਤਵਾਸ ਹੋਣ ਦੀ ਲੋੜ ਹੈ?**

ਲੋਕਾਂ ਦਾ ਸੰਪੂਰਨ ਤੌਰ 'ਤੇ ਟੀਕਾਕਰਨ ਉਦੋਂ ਮੰਨਿਆ ਜਾਵੇਗਾ ਜਦੋਂ ਉਨ੍ਹਾਂ ਨੂੰ ਇਹ ਖ਼ੁਰਾਕ ਲੱਗੀ ਨੂੰ ਘੱਟੋ-ਘੱਟ 14 ਦਿਨ ਹੋ ਗਏ ਹੋਣ:

- ਕਿਸੇ ਵੀ ਸੁਮੇਲ ਵਿੱਚ ਹੈਲਥ ਕੈਨੇਡਾ ਦੁਆਰਾ ਅਧਿਕਾਰਤ ਕੋਵਿਡ-19 ਦੇ ਟੀਕਿਆਂ ਦੀ ਇੱਕ ਪੂਰੀ ਲੜੀ,
- ਹੈਲਥ ਕੈਨੇਡਾ ਦੁਆਰਾ ਅਧਿਕਾਰਤ ਇੱਕ ਕੋਵਿਡ-19 ਦੇ ਟੀਕੇ ਦੀ ਇੱਕ ਖੁਰਾਕ ਦੇ ਨਾਲ ਹੈਲਥ ਕੈਨੇਡਾ ਦੁਆਰਾ ਅਧਿਕਾਰਤ ਨਹੀਂ ਇੱਕ ਕੋਵਿਡ-19 ਦੇ ਟੀਕੇ ਦੀਆਂ ਇੱਕ ਜਾਂ ਦੋ ਖੁਰਾਕਾਂ, ਜੋ ਕਿ ਟੋਰਾਂਟੋ ਪਬਲਿਕ ਹੈਲਥ ਲਈ ਤਸੱਲੀਬਖਸ਼ ਹਨ, ਜਾਂ
- ਇੱਕ ਕੋਵਿਡ-19 ਦੇ ਟੀਕੇ ਦੀਆਂ ਤਿੰਨ ਖੁਰਾਕਾਂ ਹੈਲਥ ਕੈਨੇਡਾ ਦੁਆਰਾ ਅਧਿਕਾਰਤ ਨਹੀਂ ਹਨ, ਜਿਵੇਂ ਕਿ ਟੋਰਾਂਟੋ ਪਬਲਿਕ ਹੈਲਥ ਲਈ ਤਸੱਲੀਬਖਸ਼ ਹੈ।

ਸੰਪੂਰਨ ਤੌਰ 'ਤੇ ਟੀਕਾ ਲਗਵਾ ਚੁੱਕੇ ਵਿਅਕਤੀਆਂ 'ਚ ਜੇਕਰ ਕੋਵਿਡ-19 ਦੇ ਲੱਛਣ ਪਾਏ ਜਾਂਦੇ ਹਨ ਤਾਂ ਉਨ੍ਹਾਂ ਨੂੰ ਟੈੱਸਟ ਕਰਵਾਉਣਾ ਚਾਹੀਦਾ ਹੈ ਅਤੇ ਨਤੀਜੇ ਦੀ ਉਡੀਕ ਕਰਦਿਆਂ ਸਵੈ-ਇਕਾਂਤਵਾਸ ਵਿੱਚ ਰਹਿਣਾ ਚਾਹੀਦਾ ਹੈ। ਜੇਕਰ ਉਨ੍ਹਾਂ ਦਾ ਟੈਸਟ ਨੈਗੇਟਿਵ ਆਉਂਦਾ ਹੈ, ਤਾਂ ਉਨ੍ਹਾਂ ਦੇ ਲੱਛਣ 24 ਘੰਟਿਆਂ ਵਿੱਚ ਸੁਧਾਰ ਹੋਣ ਤੋਂ ਬਾਅਦ ਉਹ ਸਵੈ-ਇਕਾਂਤਵਾਸ ਹੋਣ ਤੋਂ ਬਾਹਰ ਆ ਸਕਦੇ ਹਨ, ਅਤੇ ਉਨ੍ਹਾਂ ਨੂੰ ਬੁਖ਼ਾਰ ਘਟਾਉਣ ਵਾਲੀ ਦਵਾਈ ਲਏ ਬਿਨਾਂ ਬੁਖ਼ਾਰ ਨਹੀਂ ਹੁੰਦਾ; ਜੇਕਰ ਉਨ੍ਹਾਂ ਨੂੰ ਗੈਸਟਰੋ-ਅੰਤੜੀ ਦੇ ਕੋਈ ਲੱਛਣ ਹੋਏ ਹਨ (ਉਦਾਹਰਣ ਵਜੋਂ, ਮਤਲੀ, ਪੇਟ ਖਰਾਬ, ਦਸਤ), ਇਹਨਾਂ ਲੱਛਣਾਂ ਵਿੱਚ ਸਵੈ-ਇਕਾਂਤਵਾਸ ਹੋਣ ਤੋਂ ਬਾਹਰ ਆਉਣ ਤੋਂ ਪਹਿਲਾਂ 48 ਘੰਟਿਆਂ ਲਈ ਸੁਧਰ ਹੋਣਾ ਚਾਹੀਦਾ ਹੈ।

ਸੰਪੂਰਨ ਤੌਰ 'ਤੇ ਟੀਕਾ ਲਗਾ ਚੁੱਕੇ ਲੋਕ, ਜਿਨ੍ਹਾਂ ਦਾ ਟੈਸਟ ਸਕਾਰਾਤਮਕ ਆਉਂਦਾ ਹੈ, ਉਨ੍ਹਾਂ ਨੂੰ ਲੱਛਣਾਂ ਦੇ ਸ਼ੁਰੂ ਹੋਣ ਦੇ ਅਗਲੇ ਦਿਨ ਤੋਂ 10 ਦਿਨਾਂ ਲਈ, ਜਾਂ ਜੇਕਰ ਉਨ੍ਹਾਂ ਵਿੱਚ ਲੱਛਣ ਨਹੀਂ ਹੁੰਦੇ, ਤਾਂ ਸਕਾਰਾਤਮਕ ਟੈਸਟ ਪ੍ਰਾਪਤ ਕਰਨ ਤੋਂ 10 ਦਿਨ ਬਾਅਦ, ਜਦੋਂ ਤੱਕ ਟੋਰਾਂਟੋ ਪਬਲਿਕ ਹੈਲਥ ਦੁਆਰਾ ਨਿਰਦੇਸ਼ਤ ਨਹੀਂ ਕੀਤਾ ਜਾਂਦਾ, ਉਦੋਂ ਤੱਕ ਸਵੈ-ਇਕਾਂਤਵਾਸ ਹੋਣਾ ਚਾਹੀਦਾ ਹੈ।

ਸੰਪੂਰਨ ਤੌਰ 'ਤੇ ਟੀਕਾ ਲਗਵਾ ਚੁੱਕੇ ਲੋਕ ਜੋ ਕੋਵਿਡ-19 ਤੋਂ ਪੀੜਿਤ ਕਿਸੇ ਵਿਅਕਤੀ ਦੇ ਸੰਪਰਕ ਵਿੱਚ ਆਉਂਦੇ ਹਨ, ਉਨ੍ਹਾਂ ਨੂੰ ਇਕਾਂਤਵਾਸ ਤੋਂ ਛੋਟ ਮਿਲ ਸਕਦੀ ਹੈ ਜੇਕਰ, ਸੰਪੂਰਨ ਤੌਰ 'ਤੇ ਟੀਕਾ ਲਗਵਾ ਚੁੱਕੇ ਹੋਣ ਦੇ ਨਾਲ-ਨਾਲ ਉਹ ਇਨ੍ਹਾਂ ਮਾਪਦੰਡਾਂ ਨੂੰ ਪੂਰਾ ਕਰਦੇ ਹੋਣ:

- ਲੱਛਣ ਰਹਿਤ ਹੋਣ (ਉਨ੍ਹਾਂ ਵਿੱਚ ਕੋਈ ਵੀ ਲੱਛਣ ਨਾ ਹੋਵੇ)
- ਉਨ੍ਹਾਂ ਦਾ ਇਮਿਊਨ ਸਿਸਟਮ ਕਮਜ਼ੋਰ ਨਾ ਹੋਵੇ (ਉਦਾਹਰਨ ਵਜੋਂ, ਉਨ੍ਹਾਂ ਨੇ ਕੋਈ ਅੰਗ ਦਾਨ ਵਜੋਂ ਪ੍ਰਾਪਤ ਨਾ ਕੀਤਾ ਹੋਇਆ ਹੋਵੇ ਜਾਂ ਸਟੈੱਮ ਸੈੱਲ ਟ੍ਰਾਂਸਪਲਾਂਟ ਨਾ ਹੋਇਆ ਹੋਵੇ, ਜਾਂ ਕੀਮੋਥੈਰੇਪੀ ਨਾ ਕਰਵਾ ਰਹੇ ਹੋਣ ਜਾਂ ਇਮਿਊਨੋਸਪਰੈਸਿਵ ਥੈਰੇਪੀ ਨਾ ਕਰਵਾ ਰਹੇ ਹੋਣ)
- ਲੰਬੇ-ਸਮੇਂ ਤੱਕ ਦੇਖਭਾਲ ਕੇਂਦਰ ਵਿੱਚ ਜਾਂ ਰਿਟਾਇਰਮੈਂਟ ਹੋਮ ਵਿੱਚ ਨਾ ਰਹਿ ਰਹੇ ਹੋਣ ਜਾਂ ਉਹ ਕਿਸੇ ਸਿਹਤ ਸਬੰਧੀ ਦੇਖਭਾਲ ਪ੍ਰਦਾਨ ਕਰਨ ਵਾਲੇ ਕੇਂਦਰ ਵਿੱਚ ਦਾਖ਼ਲ ਮਰੀਜ਼ ਨਾ ਹੋਣ।

ਭਾਵੇਂ ਉਨ੍ਹਾਂ ਨੂੰ ਸਵੈ-ਇਕਾਂਤਵਾਸ ਤੋਂ ਛੂਟ ਹੋਵੇ, ਸੰਪੂਰਨ ਤੌਰ 'ਤੇ ਟੀਕਾ ਲਗਵਾ ਚੁੱਕੇ ਵਿਅਕਤੀ ਜੋ ਸੰਪਰਕ ਵਿੱਚ ਆਏ ਹੋਣ, ਉਹ:

- ਜਨਤਕ ਸਿਹਤ ਉਪਾਵਾਂ ਦੀ ਪਾਲਣਾ ਕਰਨਾ, ਜਿਵੇਂ ਕਿ ਮਾਸਕ ਪਾਉਣਾ ਅਤੇ ਲੋੜ ਪੈਣ 'ਤੇ ਸਰੀਰਕ ਦੂਰੀ ਬਣਾਉਣਾ

- ਕਮਜ਼ੋਰ ਆਬਾਦੀ ਵਾਲੀਆਂ ਸੈਟਿੰਗਾਂ ਜਾਂ ਗੈਰ-ਟੀਕਾਕਰਣ ਵਾਲੇ ਲੋਕਾਂ ਦੀ ਵੱਡੀ ਸੰਖਿਆ (ਉਦਾਹਰਣ ਵਜੋਂ, ਸਵੈ-ਇੱਛੁਕ ਜਾਂ ਲੰਬੇ ਸਮੇਂ ਦੇ ਦੇਖਭਾਲ ਵਾਲੇ ਘਰ, ਆਸਰਾ, ਸਕੂਲ ਜਾਂ ਬਾਲ ਦੇਖਭਾਲ ਸੈਟਿੰਗ ਦਾ ਦੌਰਾ ਕਰਨਾ) ਨੂੰ ਆਖਰੀ ਐਕਸਪੋਜਰ ਤੋਂ ਬਾਅਦ 10 ਦਿਨਾਂ ਲਈ ਗੈਰ-ਜ਼ਰੂਰੀ ਮੁਲਾਕਾਤਾਂ ਤੋਂ ਪਰਹੇਜ਼ ਕਰਨਾ
- 14 ਸਤੰਬਰ, 2021 ਦੇ ਸਿਹਤ ਮੰਤਰਾਲੇ ਦੇ ਅੰਤਰਿਮ ਨਿਰਦੇਸ਼ ਦੇ ਅਨੁਸਾਰ, ਉਹਨਾਂ ਦੇ ਮਾਲਕ ਨੂੰ ਉਹਨਾਂ ਦੇ ਸੰਪਰਕ ਦੀ ਰਿਪੋਰਟ ਕਰਨ ਅਤੇ ਉਹਨਾਂ ਦੇ ਪ੍ਰਬੰਧਕ ਅਤੇ/ਜਾਂ ਕਿੱਤਾਮੁਖੀ ਸਿਹਤ ਵਿਭਾਗ ਦੁਆਰਾ ਲੋੜੀਂਦੀਆਂ ਕਿਸੇ ਵੀ ਪਾਬੰਦੀਆਂ ਦੀ ਪਾਲਣਾ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ

**<u>ਕੀ ਲੋਕਾਂ ਨੂੰ ਇਕਾਂਤਵਾਸ ਹੋਣਾ ਪਵੇਗਾ, ਜੇਕਰ ਉਨ੍ਹਾਂ ਨੂੰ ਹਾਲ ਹੀ ਵਿੱਚ ਕੋਵਿਡ-19 ਹੋਇਆ ਹੈ?</u>**

ਹਾਲ ਹੀ ਵਿੱਚ ਕੋਵਿਡ-19 ਦੀ ਲਾਗ ਵਾਲੇ ਲੋਕ, ਉਹ ਹਨ ਜਿਨ੍ਹਾਂ ਦਾ ਪਿਛਲੇ 90 ਦਿਨਾਂ ਵਿੱਚ ਕੋਵਿਡ-19 ਦਾ ਸਕਾਰਾਤਮਕ ਟੈਸਟ ਆਇਆ ਸੀ ਅਤੇ ਉਹ ਆਪਣੇ ਪਿਛਲੇ ਸੰਕਰਮਣ ਤੋਂ ਮੁਕਤ ਹੋ ਗਏ ਹਨ।

ਹਾਲ ਹੀ ਵਿੱਚ ਕੋਵਿਡ-19 ਦੀ ਲਾਗ ਵਾਲੇ ਲੋਕ ਅਤੇ ਜਿਨ੍ਹਾਂ ਅੰਦਰ ਹੁਣ ਕੋਵਿਡ-19 ਦੇ ਨਵੇਂ ਲੱਛਣ ਹਨ, ਉਨ੍ਹਾਂ ਦੀ ਜਾਂਚ ਕੀਤੀ ਜਾਣੀ ਚਾਹੀਦੀ ਹੈ ਅਤੇ ਟੈਸਟ ਦੇ ਨਤੀਜਿਆਂ ਦੀ ਉਡੀਕ ਕਰਦਿਆਂ ਉਨ੍ਹਾਂ ਨੂੰ ਸਵੈ-ਇਕਾਂਤਵਾਸ ਹੋਣਾ ਚਾਹੀਦਾ ਹੈ। ਜੇਕਰ ਉਨ੍ਹਾਂ ਦਾ ਟੈਸਟ ਨੈਗੇਟਿਵ ਆਉਂਦਾ, ਤਾਂ ਉਹ ਸਵੈ-ਇਕਾਂਤਵਾਸ ਤੋਂ ਬਾਹਰ ਆਉਣ ਦੇ ਯੋਗ ਹੋ ਜਾਂਦੇ ਹਨ, ਜਦੋਂ ਉਨ੍ਹਾਂ ਦੇ ਲੱਛਣਾਂ ਵਿੱਚ 24 ਘੰਟਿਆਂ ਤੋਂ ਸੁਧਾਰ ਹੋ ਰਿਹਾ ਹੈ ਅਤੇ ਉਨ੍ਹਾਂ ਨੂੰ ਬੁਖ਼ਾਰ ਘਟਾਉਣ ਵਾਲੀ ਦਵਾਈ ਲਏ ਬਿਨਾਂ ਬੁਖ਼ਾਰ ਨਹੀਂ ਹੁੰਦਾ; ਜੇਕਰ ਉਨ੍ਹਾਂ ਨੂੰ ਗੈਸਟਰੋ-ਅੰਤੜੀ ਦੇ ਕੋਈ ਲੱਛਣ ਹੋਏ ਹਨ (ਉਦਾਹਰਣ ਵਜੋਂ, ਦਿਲ ਘਬਰਾਉਣਾ, ਪੇਟ ਖਰਾਬ, ਦਸਤ), ਇਹਨਾਂ ਲੱਛਣਾਂ ਵਿੱਚ ਸਵੈ-ਇਕਾਂਤਵਾਸ ਹੋਣ ਤੋਂ ਬਾਹਰ ਆਉਣ ਤੋਂ ਪਹਿਲਾਂ 48 ਘੰਟਿਆਂ ਵਿੱਚ ਸੁਧਰ ਹੋਣੇ ਚਾਹੀਦੇ ਹਨ।

ਹਾਲ ਹੀ ਵਿੱਚ ਕੋਵਿਡ-19 ਦੀ ਲਾਗ ਵਾਲੇ ਲੋਕ, ਜਿਨ੍ਹਾਂ ਦਾ ਟੈਸਟ ਸਕਾਰਾਤਮਕ ਆਇਆ ਹੈ, ਉਨ੍ਹਾਂ ਨੂੰ ਲੱਛਣਾਂ ਦੇ ਸ਼ੁਰੂ ਹੋਣ ਦੇ ਅਗਲੇ ਦਿਨ ਤੋਂ 10 ਦਿਨਾਂ ਲਈ ਸਵੈ-ਇਕਾਂਤਵਾਸ ਹੋਣਾ ਚਾਹੀਦਾ ਹੈ, ਜਾਂ ਜੇਕਰ ਉਨ੍ਹਾਂ ਅੰਦਰ ਲੱਛਣ ਨਹੀਂ ਹੁੰਦੇ, ਤਾਂ ਸਕਾਰਾਤਮਕ ਟੈਸਟ ਆਉਣ ਦੇ ਦੇ 10 ਦਿਨ ਬਾਅਦ ਸ਼ੁਰੂ ਹੋਣੇ ਚਾਹੀਦੇ ਹਨ, ਜਦੋਂ ਤੱਕ ਟੋਰਾਂਟੋ ਪਬਲਿਕ ਹੈਲਥ ਦੁਆਰਾ ਨਿਰਦੇਸ਼ਤ ਨਹੀਂ ਕੀਤਾ ਜਾਂਦਾ।

ਹਾਲ ਹੀ ਵਿੱਚ ਕੋਵਿਡ-19 ਦੀ ਲਾਗ ਵਾਲੇ ਲੋਕ ਅਤੇ ਜੋ ਕੋਵਿਡ-19 ਵਾਲੇ ਕਿਸੇ ਵਿਅਕਤੀ ਦੇ ਨਜ਼ਦੀਕੀ ਸੰਪਰਕ ਵਿੱਚ ਆਏ ਸਨ, ਉਹਨਾਂ ਨੂੰ ਇਕਾਂਤਵਾਸ ਹੋਣ ਤੋਂ ਛੋਟ ਦਿੱਤੀ ਜਾ ਸਕਦੀ ਹੈ ਜੇਕਰ, ਇਸਤੋਂ ਇਲਾਵਾ, ਉਹ ਹੇਠਾਂ ਦਿੱਤੇ ਸਾਰੇ ਮਾਪਦੰਡ ਪੂਰੇ ਕਰਦੇ ਹਨ:

- ਲੱਛਣ ਰਹਿਤ ਹਨ (ਕੋਈ ਲੱਛਣ ਨਹੀਂ ਹਨ)
- ਇਮਿਊਨ ਸਿਸਟਮ ਕਮਜ਼ੋਰ ਨਹੀਂ ਹੈ (ਉਦਾਹਰਣ ਵਜੋਂ, ਕੋਈ ਅੰਗ ਜਾਂ ਸਟੈਮ ਸੈੱਲ ਟ੍ਰਾਂਸਪਲਾਂਟ ਪ੍ਰਾਪਤ ਨਹੀਂ ਕੀਤਾ ਗਿਆ ਹੈ, ਜਾਂ ਕੀਮੋਥੈਰੇਪੀ ਜਾਂ ਇਮਯੂਨੋਸਪ੍ਰੈਸਿਵ ਥੈਰੇਪੀ ਨਹੀਂ ਕਰ ਰਹੇ ਹਨ)
- ਕੀ ਲੰਬੇ ਸਮੇਂ ਦੀ ਦੇਖਭਾਲ ਜਾਂ ਰਿਟਾਇਰਮੈਂਟ ਘਰ ਦੇ ਵਸਨੀਕ ਨਹੀਂ ਹਨ ਜਾਂ ਇੱਕ ਸਿਹਤ ਸੰਭਾਲ ਸੈਟਿੰਗ ਵਿੱਚ ਦਾਖ਼ਲ ਮਰੀਜ਼ ਨਹੀਂ ਹਨ

ਭਾਵੇਂ ਉਨ੍ਹਾਂ ਨੂੰ ਸਵੈ-ਇਕਾਂਤਵਾਸ ਹੋਣ ਤੋਂ ਛੋਟ ਦਿੱਤੀ ਗਈ ਹੋਵੇ, ਹਾਲ ਹੀ ਵਿੱਚ ਸਕਾਰਾਤਮਕ ਨਜ਼ਦੀਕੀ ਸੰਪਰਕ ਇਹ ਹਨ:

- ਛੇਤੀ ਤੋਂ ਛੇਤੀ ਅਤੇ ਆਖਰੀ ਐਕਸਪੋਜਰ ਤੋਂ 7 ਦਿਨਾਂ ਬਾਅਦ ਜਾਂ ਬਾਅਦ ਵਿੱਚ ਟੈਸਟ ਕਰਵਾਉਣਾ ਚਾਹੀਦਾ ਹੈ
- ਪਬਲਿਕ ਹੈਲਥ ਦੇ ਉਪਾਵਾਂ ਦੀ ਪਾਲਣਾ ਕਰਨੀ ਚਾਹੀਦੀ ਹੈ, ਜਿਵੇਂ ਮਾਸਕ ਪਹਿਨਣਾ ਅਤੇ ਸਰੀਰਕ ਤੌਰ 'ਤੇ ਦੂਰੀ
- ਕਮਜ਼ੋਰ ਆਬਾਦੀ ਵਾਲੀਆਂ ਸੈਟਿੰਗਾਂ ਜਾਂ ਗੈਰ-ਟੀਕਾਕਰਣ ਲੋਕਾਂ ਦੀ ਵੱਡੀ ਸੰਖਿਆ (ਉਦਾਹਰਣ ਵਜੋਂ, ਸਵੈ-ਇੱਛੁਕ ਜਾਂ ਲੰਬੇ ਸਮੇਂ ਦੇ ਦੇਖਭਾਲ ਘਰ, ਆਸਰਾ, ਸਕੂਲ ਜਾਂ ਚਾਈਲਡ ਕੇਅਰ ਸੈਟਿੰਗ ਦਾ ਦੌਰਾ) ਨੂੰ ਆਖਰੀ ਐਕਸਪੋਜਰ ਤੋਂ ਬਾਅਦ 10 ਦਿਨਾਂ ਲਈ ਗੈਰ-ਜ਼ਰੂਰੀ ਮੁਲਾਕਾਤਾਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ।

ਨਵਿਆਉਣ ਦੀ ਮਿਤੀ 30 ਸਤੰਬਰ, 2021

- 14 ਸਤੰਬਰ, 2021 ਦੇ ਸਿਹਤ ਮੰਤਰਾਲੇ ਦੇ ਅੰਤਰਿਮ ਨਿਰਦੇਸ਼ ਦੇ ਅਨੁਸਾਰ, ਉਹਨਾਂ ਦੇ ਮਾਲਕ ਨੂੰ ਉਹਨਾਂ ਦੇ ਸੰਪਰਕ ਦੀ ਰਿਪੋਰਟ ਕਰਨ ਅਤੇ ਉਹਨਾਂ ਦੇ ਪ੍ਰਬੰਧਕ ਅਤੇ/ਜਾਂ ਕਿੱਤਾਮੁਖੀ ਸਿਹਤ ਵਿਭਾਗ ਦੁਆਰਾ ਲੋੜੀਂਦੀਆਂ ਕਿਸੇ ਵੀ ਪਾਬੰਦੀਆਂ ਦੀ ਪਾਲਣਾ ਕਰਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ

## ਸਵੈ-ਇਕਾਂਤਵਾਸ ਕਿਵੇਂ ਕੰਮ ਕਰਦਾ ਹੈ?

ਸਵੈ-ਇਕਾਂਤਵਾਸ ਦਾ ਮਤਲਬ ਹੈ ਘਰ ਵਿੱਚ ਜਾਂ ਕਿਸੇ ਇਕਾਂਤਵਾਸ ਦੀ ਸਹੂਲਤ ਵਾਲੇ ਸਥਾਨ ਵਿਖੇ ਰਹਿਣਾ। ਬਾਹਰ ਨਾ ਜਾਓ ਜਾਂ ਘਰ ਵਿੱਚ ਮਹਿਮਾਨ ਨਾ ਬੁਲਾਓ। ਦੂਜਿਆਂ ਨਾਲ ਸੰਪਰਕ ਕਰਨ ਬਣਾਉਣ ਤੋਂ ਪਰਹੇਜ਼ ਕਰੋ। ਇਸ ਦਾ ਮਤਲਬ ਇਹ ਵੀ ਹੈ ਕਿ ਘਰ ਵਿੱਚ ਰਹਿਣ ਵਾਲੇ ਬਾਕੀ ਲੋਕਾਂ ਤੋਂ ਵੀ ਜਿਨ੍ਹਾਂ ਸੰਭਵ ਹੋ ਸਕੇ ਦੂਰੀ ਬਣਾ ਕੇ ਰੱਖੋ। ਜੇਕਰ ਸੰਭਵ ਹੋਵੇ, ਵੱਖਰਾ ਬਾਥਰੂਮ ਅਤੇ ਕਮਰਾ ਵਰਤੋ। ਕਮਰਿਆਂ ਨੂੰ ਸਾਂਝਾ ਕਰਨ ਦੇ ਮਾਮਲੇ ਵਿੱਚ, ਹਵਾ ਦੇ ਚੰਗੇ ਪ੍ਰਵਾਹ ਲਈ ਖਿੜਕੀਆਂ ਖੋਲ੍ਹੋ। ਆਨਲਾਈਨ ਖ਼ਰੀਦਦਾਰੀ ਕਰੋ ਜਾਂ ਕਿਸੇ ਤੋਂ ਚੀਜ਼ਾਂ ਮੰਗਵਾਓ। ਜੇਕਰ ਰਾਸ਼ਨ, ਪ੍ਰਿਸਕ੍ਰਿਪਸ਼ਨ ਜਾਂ ਹੋਰ ਕਿਸੇ ਸੇਵਾ ਦੀ ਲੋੜ ਹੈ ਤਾਂ ਕਿਰਪਾ ਕਰਕੇ ਟੋਰਾਂਟੋ ਜਨਤਕ ਸਿਹਤ ਨੂੰ 416-338-7600 'ਤੇ ਕਾਲ ਕਰੋ। ਦੇਖੋ ਸਵੈ-ਇਕਾਂਤਵਾਸ ਵਿੱਚ ਕਿਵੇਂ ਜਾਈਏ .

ਉਹ ਲੋਕ ਜਿਨ੍ਹਾਂ ਕੋਲ ਇਕਾਂਤਵਾਸ ਵਿੱਚ ਰਹਿਣ ਯੋਗ ਘਰ ਨਹੀਂ ਹੈ, ਜਿਸ ਵਿੱਚ ਉਹ ਦੂਜਿਆਂ ਤੋਂ ਦੂਰੀ ਬਣਾ ਕੇ ਰੱਖ ਸਕਣ, ਜੋ ਬੇਘਰ ਹਨ ਜਾਂ ਜੋ ਘਰ ਵਿੱਚ ਅਸੁਰੱਖਿਅਤ ਮਹਿਸੂਸ ਕਰਦੇ ਹਨ, ਉਨ੍ਹਾਂ ਨੂੰ ਅਸਥਾਈ ਪਨਾਹ ਦਿੱਤੀ ਜਾ ਸਕਦੀ ਹੈ। ਯੋਗਤਾ ਜਾਣਨ ਲਈ ਕਿਰਪਾ ਕਰਕੇ ਟੋਰਾਂਟੋ ਜਨਤਕ ਸਿਹਤ ਨੂੰ 416-338-7600 'ਤੇ ਕਾਲ ਕਰੋ।

## ਸਵੈ-ਇਕਾਂਤਵਾਸ ਵਿੱਚ ਹੁੰਦਿਆਂ ਹੋਇਆਂ ਕਿਸੇ ਨੂੰ ਡਾਕਟਰੀ ਅਪਾਇੰਟਮੈਂਟ ਵਿੱਚ ਹਾਜ਼ਰ ਹੋਣਾ ਚਾਹੀਦਾ ਹੈ?

ਸਵੈ-ਇਕਾਂਤਵਾਸ ਵਿੱਚ ਹੁੰਦਿਆਂ ਹੋਇਆਂ ਲੋਕ ਲੋੜੀਂਦੀ ਮੈਡੀਕਲ ਅਪਾਇੰਟਮੈਂਟ ਲਈ ਜਾ ਸਕਦੇ ਹਨ। ਕਿਸੇ ਮੈਡੀਕਲ ਕਲੀਨਿਕ ਜਾਂ ਹਸਪਤਾਲ ਵਿੱਚ ਜਾਣ ਤੋਂ ਪਹਿਲਾਂ ਟੋਰਾਂਟੋ ਜਨਤਕ ਸਿਹਤ ਨੂੰ 416-338-7600 'ਤੇ ਕਾਲ ਕਰੋ।

ਟੀਕਾਕਰਨ ਦੀਆਂ ਅਪਾਇੰਟਮੈਂਟਾਂ ਨੂੰ ਸਵੈ-ਇਕਾਂਤਵਾਸ ਦੀ ਮਿਆਦ ਪੂਰੀ ਹੋਣ ਤੱਕ ਮੁਲਤਵੀ ਕਰ ਦੇਣਾ ਚਾਹੀਦਾ ਹੈ।

## ਸਵੈ-ਇਕਾਂਤਵਾਸ ਨਾ ਹੋਣ ਦੇ ਮਾਮਲੇ ਵਿੱਚ ਕੀ ਹੋਵੇਗਾ?

ਉਹ ਲੋਕ ਜੋ ਕਲਾਸ ਆਰਡਰ ਦੇ ਨਿਰਦੇਸ਼ਾਂ ਦੀ ਪਾਲਣਾ ਨਹੀਂ ਕਰਦੇ, ਦੋਸ਼ੀ ਪਾਏ ਜਾਣ 'ਤੇ ਉਨ੍ਹਾਂ ਨੂੰ ਸਜ਼ਾ ਹੋ ਸਕਦੀ ਹੈ ਜਾਂ ਪ੍ਰਤੀ ਦਿਨ $5,000 ਤੱਕ ਦੇ ਹਿਸਾਬ ਨਾਲ ਦਾ ਜੁਰਮਾਨਾ ਹੋ ਸਕਦਾ ਹੈ। ਮਦਦ ਲਈ ਪੁਲਿਸ ਨੂੰ ਬੁਲਾਇਆ ਜਾ ਸਕਦਾ ਹੈ।

## ਲੋਕਾਂ ਵੱਲੋਂ ਟੋਰਾਂਟੋ ਜਨਤਕ ਸਿਹਤ ਨੂੰ ਸੰਪਰਕ ਕਰਨ ਵੇਲੇ ਨਾਮ ਅਤੇ ਹੋਰ ਜਾਣਕਾਰੀ ਪ੍ਰਦਾਨ ਕਰਨ ਦੀ ਲੋੜ ਕਿਉਂ ਹੈ? ਉਨ੍ਹਾਂ ਦੀ ਨਿੱਜਤਾ ਕਿਵੇਂ ਸੁਰੱਖਿਅਤ ਹੈ?

ਬੇਨਤੀ ਕਰਨ 'ਤੇ, ਕਲਾਸ ਆਰਡਰ ਹੇਠ ਆਉਣ ਵਾਲੇ ਵਿਅਕਤੀਆਂ ਵੱਲੋਂ ਟੋਰਾਂਟੋ ਜਨਤਕ ਸਿਹਤ ਨੂੰ ਉਸ ਵਿਅਕਤੀ ਦਾ ਨਾਮ ਅਤੇ ਸੰਪਰਕ ਕਰਨ ਸਬੰਧੀ ਜਾਣਕਾਰੀ (ਟੈਲੀਫ਼ੋਨ ਨੰਬਰ, ਪਤਾ, ਈਮੇਲ ਪਤਾ) ਪ੍ਰਦਾਨ ਕੀਤੀ ਜਾਣੀ ਚਾਹੀਦੀ ਹੈ ਜਿਨ੍ਹਾਂ ਦੇ ਉਹ ਟੋਰਾਂਟੋ ਜਨਤਕ ਸਿਹਤ ਵੱਲੋਂ ਨਿਰਧਾਰਿਤ ਕੀਤੀਆਂ ਮਿਤੀਆਂ ਅਤੇ ਸਮੇਂ ਦੌਰਾਨ ਸੰਪਰਕ ਵਿੱਚ ਆਏ। ਇਸ ਜਾਣਕਾਰੀ ਦੀ ਵਰਤੋਂ ਕੇਵਲ ਸੰਪਰਕ ਨੂੰ ਲੱਭਣ ਲਈ ਕੀਤੀ ਜਾਵੇਗੀ।

ਇਹ ਜਾਣਕਾਰੀ ਪ੍ਰਦਾਨ ਕਰਨਾ ਅਹਿਮ ਹੈ। ਇਸ ਨਾਲ ਟੋਰਾਂਟੋ ਜਨਤਕ ਸਿਹਤ ਨੂੰ ਲਾਗ ਨੂੰ ਬਾਕੀ ਲੋਕਾਂ ਤੱਕ ਪਹੁੰਚਣ ਤੋਂ ਰੋਕਣ ਵਿੱਚ ਮਦਦ ਮਿਲਦੀ ਹੈ। ਟੋਰਾਂਟੋ ਅਤੇ ਪੂਰੇ ਓਨਟਾਰੀਓ ਵਿੱਚ ਸਕੂਲਾਂ, ਕਾਰੋਬਾਰਾਂ ਅਤੇ ਹੋਰ ਜ਼ਰੂਰੀ ਸਮਾਜਿਕ ਗਤੀਵਿਧੀਆਂ ਨੂੰ ਖੁੱਲ੍ਹਾ ਰੱਖਣ ਦੀ ਸਾਡੀ ਸਾਂਝੀ ਸਮਰੱਥਾ ਟੋਰਾਂਟੋ ਜਨਤਕ ਸਿਹਤ ਦੀ ਇਸ ਜ਼ਰੂਰੀ ਕੰਮ ਕਰਨ ਦੀ ਸਮਰੱਥਾ ਉੱਤੇ ਨਿਰਭਰ ਕਰਦੀ ਹੈ।

ਟੋਰਾਂਟੋ ਜਨਤਕ ਸਿਹਤ ਸਮਝਦੀ ਹੈ ਕਿ ਲੋਕਾਂ ਨੂੰ ਆਪਣੀ ਨਿੱਜਤਾ ਦੀ ਫ਼ਿਕਰ ਹੈ। ਟੋਰਾਂਟੋ ਜਨਤਕ ਸਿਹਤ ਵੱਲੋਂ ਇਕੱਠੀ ਕੀਤੀ ਸਾਰੀ ਜਾਣਕਾਰੀ ਓਨਟਾਰੀਓ ਦੇ ਸਿਹਤ ਸਬੰਧੀ ਜਾਣਕਾਰੀ ਦੇ ਗੋਪਨੀਯਤਾ ਕਾਨੂੰਨ, *ਦ ਪਰਸਨਲ ਹੈਲਥ ਇਨਫਰਮੇਸ਼ਨ ਐਕਟ, 2004* ਦੁਆਰਾ ਸੁਰੱਖਿਅਤ ਹੈ।

## ਕੀ ਕੋਈ ਕਲਾਸ ਆਰਡਰ ਨੂੰ ਕਾਨੂੰਨੀ ਤੌਰ 'ਤੇ ਚੁਨੌਤੀ ਦੇ ਸਕਦੇ ਹੈ?

ਉਹ ਲੋਕ ਜਿਨ੍ਹਾਂ 'ਤੇ ਕਲਾਸ ਆਰਡਰ ਲਾਗੂ ਹੁੰਦਾ ਹੈ, ਉਹ ਸਿਹਤ ਸਬੰਧੀ ਸੇਵਾਵਾਂ ਲਈ ਅਪੀਲ ਅਤੇ ਸਮੀਖਿਆ ਬੋਰਡ ਨੂੰ ਅਪੀਲ ਕਰਕੇ ਉਸ ਨੂੰ ਚੁਨੌਤੀ ਦੇ ਸਕਦੇ ਹਨ।

## *ਕੁਆਰੰਟੀਨ ਐਕਟ* ਤਹਿਤ ਆਉਂਦੇ ਫੈਡਰਲ ਆਰਡਰ ਬਾਰੇ ਲੋਕਾਂ ਨੂੰ ਕੀ ਜਾਣਨ ਦੀ ਲੋੜ ਹੈ?

ਫੈਡਰਲ ਕੁਆਰੰਟੀਨ ਆਰਡਰ ਕੈਨੇਡਾ ਵਿੱਚ ਦਾਖ਼ਲ ਹੋਣ ਵਾਲੇ ਸਾਰੇ ਯਾਤਰੀਆਂ 'ਤੇ ਲਾਗੂ ਹੁੰਦਾ ਹੈ, ਮਾਰਚ 25, 2020 ਤੋਂ ਲਾਗੂ। ਸਾਰੇ ਯਾਤਰੀਆਂ ਦਾ 14 ਦਿਨ ਲਈ ਕੁਆਰੰਟੀਨ ਹੋਣਾ ਲਾਜ਼ਮੀ ਹੈ, ਸੰਪੂਰਨ ਤੌਰ 'ਤੇ ਟੀਕਾ ਲਗਵਾ ਚੁੱਕੇ ਵਿਅਕਤੀਆਂ ਨੂੰ ਕੁਝ ਛੋਟਾਂ ਹਨ। ਦੇਖੋ ਯਾਤਰੀਆਂ ਲਈ ਕੈਨੇਡਾ ਸਰਕਾਰ ਦੀ ਜਾਣਕਾਰੀ.

ਕੁਝ ਮਾਮਲਿਆਂ ਵਿੱਚ, ਉਹ ਲੋਕ ਜਿਨ੍ਹਾਂ ਦਾ ਫੈਡਰਲ ਆਰਡਰ ਤਹਿਤ ਕੁਆਰੰਟੀਨ ਹੋਣਾ ਲਾਜ਼ਮੀ ਹੈ ਉਨ੍ਹਾਂ 'ਤੇ ਕਲਾਸ ਆਰਡਰ ਵੀ ਲਾਗੂ ਹੋ ਸਕਦਾ ਹੈ (ਜਿਵੇਂ ਕਿ, ਉਹ ਲੋਕ ਜਿਨ੍ਹਾਂ ਵਿੱਚ ਕੋਵਿਡ-19 ਦੀ ਤਸ਼ਖ਼ੀਸ ਹੋਈ ਹੈ ਅਤੇ ਹਾਲ ਹੀ ਵਿੱਚ ਯਾਤਰਾ ਤੋਂ ਪਰਤੇ ਹਨ)।

## ਵਧੇਰੇ ਜਾਣਕਾਰੀ

ਸਿਹਤ ਸਬੰਧੀ ਮੁਲਾਂਕਣ ਲਈ ਡਾਕਟਰ ਦੇ ਦਫ਼ਤਰ ਜਾਂ ਟੈਲੀਹੈਲਥ ਓਨਟਾਰੀਓ ਨੂੰ 1-866-797-0000 'ਤੇ ਕਾਲ ਕਰੋ। ਕਲਾਸ ਆਰਡਰ ਸਬੰਧੀ ਵਧੇਰੇ ਜਾਣਕਾਰੀ ਲਈ, ਟੋਰਾਂਟੋ ਜਨਤਕ ਸਿਹਤ ਨੂੰ 416-338-7600 'ਤੇ ਕਾਲ ਕਰੋ।